
ਅਧੂਰੇ ਚਾਅ
ਲੇਖਕ-ਕੋਮਲਪ੍ਰੀਤ ਕੌਰ

ਖੁਸ਼ੀਆ ਨਾਲ ਬਣਦੀ ਨੀ

ਦਰਦਾਂ ਦੀ ਜਿੰਦਗੀ ਦੀਵਾਨੀ ਏ

ਸਮਜੇ ਕੋਈ ਇਹਨਾਂ ਪੀੜਾਂ ਨੂੰ

ਜੋ ਦਿਲ ਦਾ ਜਾਨੀ ਏ

ਮੈਂ ਆਪਣਿਆਂ ਖਾਤਿਰ ਦਿੱਤੀ

ਸੁਪਨਿਆਂ ਦੀ ਕੁਰਬਾਨੀ ਏ

ਤੜਫ ਰਹੀ ਇਹ ਪਿੰਜਰੇ ਵਿੱਚ

ਜੋ ਸੁਪਨਿਆਂ ਦੀ ਮਸਤਾਨੀ ਏ

ਦੱਸ ਨਹੀਂ ਹੋਣੀ ਯਾਰਾ

ਇਹ ਪੀੜ ਰੂਹਾਨੀ ਏ .....

ਕੋਮਲਪ੍ਰੀਤ ਕੌਰ

# ਅਧੂਰੇ ਚਾਅ

ਦੀਵਾਲੀ ਦਾ ਸ਼ੁੱਭ ਦਿਨ ਸੀ ।ਹਰ ਪਾਸਿਓਂ ਪਟਾਕਿਆਂ ਦੀ ਅਵਾਜ਼ ਆ ਰਹੀ ਸੀ ।ਸ਼ਹਿਰ ਵਿੱਚ ਤਾਂ ਪਟਾਕਿਆਂ ਦੀ ਅਵਾਜ਼ ਹੋਰ ਵੀ ਗੂੰਜ ਰਹੀ ਸੀ।ਗੁਰਦੁਆਰੇ ਨਿਸ਼ਾਨ ਸਾਹਿਬ ਕੋਲ ਬਹੁਤ ਦੀਵੇ ਅਤੇ ਮੋਮਬੱਤੀਆ ਜੱਗ ਰਹੀਆਂ ਸੀ । ਪਰ ਦੀਵਾਨ ਹਾਲ ਵਿੱਚ ਇਕ ਔਰਤ ਤੇ ਦੋ ਬੱਚੇ ਰੋਂਦੇ ਹੋਏ ਦਿਖ ਰਹੇ ਸੀ ।ਉਹ ਬੱਚੇ ਔਰਤ ਦੀ ਔਲਾਦ ਹੀ ਜਾਪਦੀ ਸੀ । ਉਸ ਕੋਲ ਇਕ ਬੈਗ ਵੀ ਪਿਆ ਸੀ।ਔਰਤ ਕੁੱਝ 34-35ਸਾਲ ਦੀ ਸੀ।ਬੱਚੀ 10ਤੇ ਬੱਚਾ 6 ਕੁੱਝ ਸਾਲਾਂ ਦਾ ਸੀ।ਇਹਨੇ ਸ਼ੁਭ ਦਿਹਾੜੇ ਤੇ ਰੋਂਦੇ ਦੇਖ ਇਕ ਪਾਠੀ ਔਰਤ  ਕੋਲ ਆਇਆ ਤੇ ਉਸ ਨੂੰ ਕਿਹਾ ,

ਪਾਠੀ-ਬੱਚੀ ਕੀ ਹੋਇਆ ਇਹਨੇ ਸ਼ੁੱਭ ਦਿਹਾੜੇ ਤੇ ਰੋਂ ਕਿਉਂ ਰਹੀ ਐ?

ਔਰਤ-ਕੁੱਝ ਨਹੀਂ, ਬਾਬਾ ਜੀ

ਪਾਠੀ-ਦੱਸ ਪੁੱਤ,ਚਲ ਇਹ ਤਾਂ ਦੱਸ ਤੇਰਾ ਨਾਮ ਕੀ ਐ?

ਔਰਤ-ਸਿਮਰਨ

ਪਾਠੀ-ਹੁਣ ਦੱਸ ਕੀ ਹੋਇਆ?

ਸਿਮਰਨ- ਕੁੱਝ ਨਹੀਂ ਬਾਬਾ ਜੀ ਬਸ!(ਅੱਖਾਂ ਸਾਫ ਕਰਦੀ ਹੋਈ)

ਪਾਠੀ- ਜੇ ਕੋਈ ਤੰਗੀ ਆ ਤਾ ਦੱਸ ਆ ਲੈ ਫੋਨ, ਘਰਦਿਆਂ ਦਾ ਨੰਬਰ ਮਿਲਾ ਲੈ।

ਸਿਮਰਨ- ਨਹੀਂ, ਮੇਰੇ ਕੋਲ ਫੋਨ ਹੈ। ਲੋੜ ਪੈਣ ਤੇ ਮੈਂ ਵਰਤ ਲਵਾਗੀ ।

ਫੋਨ ਅਸਲ ਵਿੱਚ ਬੰਦ ਪਿਆ ਸੀ। ਇੰਨੇ ਨੂੰ ਬੱਚਾ ਬੋਲਿਆ ਕਿ ਉਸ ਨੇ ਪਾਣੀ ਪੀਣਾ ਹੈ। ਉਸ ਨੂੰ ਪਿਆਸ ਲੱਗੀ ਹੋਈ ਹੈ ।

ਸਿਮਰਨ- ਚੱਲ ਪੁੱਤ ਆ,ਬਾਬਾ ਜੀ ਲੰਗਰ ਹਾਲ ਕਿੱਥੇ ਏ?

ਪਾਠੀ- ਆਉ ਬੇਟਾ ਜੀ ਮੈਂ ਲੈ ਕੇ ਚੱਲਦਾ ਹਾਂ।

ਸਿਮਰਨ-ਕੁਦਰਤ(ਬੱਚੀ) ਬੈਗ ਦਾ ਧਿਆਨ ਰੱਖੀ ਪੁੱਤ ।

ਇਹਨੇ ਨੂੰ ਪਾਠੀ ਤੇ ਸਿਮਰਨ ਉੱਥੋਂ ਚਲੇ ਜਾਂਦੇ ਹਨ ।ਕੁਦਰਤ ਨੇ ਸਿਮਰਨ ਦੇ ਫੋਨ ਨੂੰ ਸਵਿੱਚ ਔਨ ਕੀਤਾ ਤੇ ਕਿਸੇ ਨੂੰ ਫੋਨ ਮਿਲਾਇਆ ਅਤੇ ਦੀਵਾਨ ਹਾਲ ਤੇ ਬਹਾਰ ਚਲੀ ਗਈ ।ਉਹ ਗੁਰਦੁਆਰੇ ਦੇ ਗੇਟ ਕੋਲ ਜਾ ਰਹੀ ਸੀ ।ਗੁਰੂ ਘਰ ਦੇ ਬਾਹਰ ਇਕ ਆਦਮੀ ਤੇ ਇਕ ਬੁੱਢੀ ਔਰਤ ਖੜੇ ਸੀ। ਆਦਮੀ 27-28 ਸਾਲ ਤੇ  ਬੁੱਢੀ ਔਰਤ 70 ਕੁ ਸਾਲ ਦੀ।ਕੁਦਰਤ ਉਹਨਾਂ ਕੋਲ ਭੱਜੀ ਭੱਜੀ ਜਾਂਦੀ ਐ।ਉਹ ਬਜੁਰਗ ਔਰਤ ਕੁਦਰਤ ਨੂੰ ਘੁੱਟਕੇ ਗਲ ਲਾ ਕੇ ਰੋਣ ਲੱਗ ਜਾਂਦੀ ਐ ਅਤੇ ਉਹ ਆਦਮੀ ਦੀਆਂ ਅੱਖਾਂ ਚੋਂ ਵੀ ਹੰਝੂ ਵਆਉਣ ਲੱਗ ਜਾਂਦੇ ਨੇ।ਅਸਲ ਵਿੱਚ ਉਹ ਬੁੱਢੀ ਔਰਤ ਅਤੇ ਆਦਮੀ ਸਿਮਰਨ ਦਾ ਭਰਾ ਅਤੇ ਮਾਂ ਸੀ ਜੋ ਉਹਨਾਂ ਨੂੰ ਕਾਫੀ ਸਮੇਂ ਤੋਂ ਲੱਭ ਰਹੇ ਸਨ।ਕੁਦਰਤ ਆਪਣੀ ਮਾਂ ਵੱਲ ਇਸ਼ਾਰਾ ਕਰਦੀ ਹੋਈ ਕਹਿੰਦੀ ਹੈ ਕਿ ਮਾਂ ਉਥੇ ਆ। ਸਿਮਰਨ ਦੀ ਮਾਂ ਤੇ ਭਰਾ ਸਿਮਰਨ ਕੋਲ ਚੱਲੇ ਜਾਂਦੇ ਨੇ।ਉਹਨਾ ਦੋਵਾਂ ਨੂੰ ਦੇਖ

ਸਿਮਰਨ ਦੀਆਂ ਅੱਖਾਂ ਚੋਂ ਫਿਰ  ਪਾਣੀ ਆਉਣ ਲੱਗ ਜਾਂਦਾ ਹੈ ਉਹ ਜੋਰ ਜੋਰ ਦੀ ਰੋਣ ਲੱਗ ਜਾਂਦੀ ਐ।

ਅਵਤਾਰ(ਸਿਮਰਨ ਦਾ ਭਰਾ)- ਤੂੰ ਪਾਗਲ ਹੋਈ ਏ ਭੈਣ, ਤੂੰ ਸਾਨੂੰ ਫੋਨ ਨਹੀਂ ਕਰ ਸਕਦੀ ਸੀ ਆਪਣੇ ਜਵਾਕਾਂ ਦਾ ਹਾਲ ਦੇਖ।ਚੱਲ ਛੱਡ, ਕੁੱਝ ਨਹੀਂ ਹੁੰਦਾ ਤੂੰ ਰੋ ਨਾ ਤੇ ਚੱਲ ਇੱਥੋ।

ਸਿਮਰਨ-ਨਹੀਂ ਮੈਂ ਨਹੀਂ ਜਾਣਾ ਕੋਈ ਨਹੀਂ ਮੇਰਾ ।

ਉਸ ਨੂੰ ਰੋਂਦੇ ਦੇਖ ਸਭ ਸੰਗਤਾਂ ਉਸ ਵੱਲ ਦੇਖ ਰਹੀਆਂ ਸੀ।ਅਵਤਾਰ ਸਿਮਰਨ ਨੂੰ ਜਿਵੇਂ-ਤਿਵੇਂ ਚੁੱਪ ਕਰਵਾ ਗੁਰੂ ਘਰੋ ਬਹਾਰ ਲੈ ਕੇ ਆਉਦਾਂ ਹੈ  ।ਬੱਚਿਆਂ ਦੀ ਸ਼ਕਲ ਤੋਂ ਉਹ ਭੁੱਖੇ ਦਿਖ ਰਹੇ ਸੀ।ਅਵਤਾਰ ਤਿੰਨਾ ਨੂੰ ਇੱਕ ਦੁਕਾਨ ਤੇ ਲੈ ਗਿਆ ਤੇ ਉਸ ਨੇ ਕੁੱਝ ਖਾਣ ਨੂੰ ਮੰਗਵਾਇਆ। ਪਰ ਸਿਮਰਨ ਨੇ ਕੁੱਝ ਨਾ ਖਾਂਦਾ ਉਹ ਸਿਰਫ ਰੋ ਰਹੀ ਸੀ।

ਟੁੱਟੇ ਨੇ ਮੇਰੇ ਸੁਪਨੇ

ਟੁੱਟੇ ਨੇ ਮੇਰੇ ਚਾਅ

ਖ਼ੁਆਬ ਜੋ ਸਜਾਏ ਸੀ

ਵਿਕੇ ਨੇ ਕੱਖਾ ਭਾਅ

ਜਿੰਦਗੀ ਨੂੰ ਖੁਸ਼ੀ ਹਜਮ

ਨਹੀਂ ਹੋਈ ਦੁਖਾਂ ਦਾ

ਦੇਖ ਪੈਦਾ ਗਾਹ

ਇੱਕ ਇੱਕ ਕਰਕੇ ਸਾਰੇ

ਅਰਮਾਨ ਹੋਏ ਨੇ ਸਵਾਹ

ਮੈਨੂੰ ਮੇਰੇ ਹੀ ਆਪਣਿਆਂ

ਨੇ ਕੀਤਾ ਹੈ ਗੁਮਰਾਹ

ਟੁੱਟੇ ਨੇ ਮੇਰੇ ਸੁਪਨੇ

ਟੁੱਟੇ ਨੇ ਮੇਰੇ ਚਾਅ

ਬਦਲਾਵ ਬੰਦੇ ਦੀ ਜਿੰਦਗੀ ਦਾ ਬੜਾ ਅਨਮੋਲ ਚਿਹਰਾ ਹੈ।ਇਹਨਾਂ ਬਿਨਾਂ ਜਿੰਦਗੀ ਚੰਗੀ ਤਰ੍ਹਾਂ ਬਤੀਤ ਹੋਣੀ ਔਖੀ ਐ।ਜਿੰਦਗੀ ਵਿੱਚ ਅੱਗੇ ਵੱਧਣ ਲਈ ਇਹ ਬਹੁਤ ਜਰੂਰੀ ਨੇ।ਪਰ ਕਈ ਵਾਰ ਬਦਲਾਵ ਬਹੁਤ ਔਖੇ ਹੋ ਜਾਦੇ ਨੇ ਜਿਵੇਂ ਔਰਤ ਵਾਸਤੇ, ਆਪਣਾ ਘਰ ਛੱਡ ਕੇ ਦੂਜੇ ਘਰ ਜਾਣਾ ਤੇ ਜੇ ਹਮਸਫਰ ਨਾ ਚੰਗਾ ਨਾ ਹੋਵੇ ਤਾਂ ਜਿੰਦਗੀ ਨਰਕ ਵਰਗੀ ਮਹਿਸੂਸ ਹੁੰਦੀ ਏ।

ਰੱਬ ਕਿਸੇ ਕਿਸੇ ਤੇ ਗੁਣਾਂ ਦਾ ਬਹੁਤ ਮਿਹਰਬਾਨ ਹੁੰਦਾ ਹੈ। ਸਿਮਰਨ ਨਾਲ ਵੀ ਕੁੱਝ ਇਸ ਤਰਾਂ ਹੀ ਸੀ। ਉਹ ਬਹੁਤ ਹੀ ਖ਼ੂਬਸੂਰਤ ਸੀ ਗੋਰਾ ਚੰਮ, ਬਿੱਲੀਆਂ ਅੱਖਾਂ, ਕੁੰਡਲ ਵਾਲ।ਸ਼ਾਇਦ ਉਸਦੀ ਖਖ਼ੂਬਸੂਰਤੀ ਨੂੰ ਲਫਜ਼ਾਂ ਵਿੱਚ ਬਿਆਨ ਕਰਨਾ ਔਖਾ ਹੈ ।ਗੁਣਾਂ ਨਾਲ ਵੀ ਭਰਪੂਰ ਸੀ। ਮਿੱਠ ਬੋਲਣ ਵਾਲੀ ਅਤੇ ਨੀਵੇਂ ਤੇ ਨਿਮਾਣਾ ਰਹਿਣ ਵਾਲੀ ਪਿਆਰੀ ਜਹੀ ਕੁੜੀ ਸੀ ਉਹ।ਸਿਮਰਨ ਸ਼ਹਿਰ ਬਠਿੰਡਾ ਦੀ ਰਹਿਣ ਵਾਲੀ ਸੀ। ਸ਼ਹਿਰ ਵਿੱਚ ਰਹਿਣ ਵਾਲੇ ਲੋਕ ਆਮ ਤੌਰ ਤੇ ਧੀਮੀ ਅਵਾਜ਼ ਗੱਲ ਕਰਨਾ ਪੰਸਦ

ਕਰਦੇ ਹਨ। ਕੱਟ ਲੜਨਾ-ਝਗੜਣਾ ਅਤੇ ਸਹਿਜ ਸੁਭਾਅ ਰਹਿਣਾ ਸਿਮਰਨ ਦੇ ਪਰਿਵਾਰ ਦਾ ਇੱਕ ਚੰਗਾ ਗੁਣ ਸੀ।ਉਸਦਾ ਪੜ੍ਹ ਲਿਖ ਕੇ ਟੀਚਰ ਬਣਨੇ ਦਾ ਸੁਪਨਾ ਸੀ। ਪਰ ਘਰ ਦੀ ਆਰਥਿਕ ਤੰਗੀ ਕਾਰਨ ਘਰਦਿਆਂ ਨੂੰ ਉਸ ਦੀਆਂ 12 ਪੜਿਆ ਹੀ ਮਨਜ਼ੂਰ ਸੀ।ਫਿਰ ਉਸਨੇ ਆਪਣੇ ਅਰਮਾਨਾਂ ਦਾ ਗਲਾ ਘੁੱਟਣਾ ਹੀ ਸਹੀ ਸਮਝਿਆ।

ਨਾਹ ਪੂਰੇ ਹੋਏ ਮੇਰੇ ਅਰਮਾਨ
ਨਾਂਹ ਪੂਰੀਆ ਹੋਈਆ ਜਿਦਾਂ ਨੇ
ਜਿਉਣੀ ਸੀ ਜਿੰਦਗੀ ਖੁਲ ਕੇ
ਦੱਸ ਕੀਦਾ ਜੀਵਾਂ ਵੇ
ਅਪਣੇ ਹੱਥੀਂ ਅਪਣੇ ਅਰਮਾਨਾਂ
ਦੀ ਘੁੱਟੀ ਮੈਂ ਸੰਘੀ ਏ
ਅਪਨਿਆ ਵਾਸਤੇ ਬਣਾਉਣੀ

## ਮੈਂ ਜ਼ਿੰਦਗੀ ਬੇਰੰਗੀ ਏ

ਸਿਮਰਨ ਦੇ ਘਰ ਵਾਲਿਆਂ ਨੇ ਉਸ ਲਈ ਮੁੰਡਾ ਲੱਭਣਾ ਸ਼ੁਰੂ ਕਰ ਦਿੱਤਾ ।ਸਿਮਰਨ ਦੀ ਚਾਚੀ ਨੇ ਇਕ ਮੁੰਡਾ ਦੀ ਦਸ ਪਾਈ । ਮੁੰਡਾ ਪਿੰਡ ਵਿੱਚ ਰਹਿਦਾ ਸੀ।ਉਹ ਸੋਹਣਾ ਸੁਨੱਖਾ ਸੀ ਪਰ ਪੜਿਆ ਲਿਖਿਆ ਠੀਕ ਠਾਕ ਹੀ ਸੀ।ਸੁਭਾਅ ਪੱਖੋਂ ਅੜਬ,ਸੱਚਾ ਤੇ ਆਪਣੀ ਮਨਮਰਜ਼ੀ ਕਰਨ ਵਾਲਾ ਸੀ।ਉਸਦਾ ਨਾਮ ਹਰਦੀਪ ਸਿੰਘ ਸੀ ।ਉਸਦਾ ਘਰ-ਬਾਰ ਵੀ ਚੰਗਾ ਸੀ। ਆਖਿਰ ਰਿਸ਼ਤਾ ਤੈਅ ਕੀਤਾ ਗਿਆ। ਦੋ ਕੁ ਹਫਤੇ ਬਾਅਦ ਮੰਗਣੀ ਤੇ ਛੇ ਕੁ ਮਹੀਨੇ ਬਾਅਦ ਵਿਆਹ। ਸਿਮਰਨ ਆਪਣੇ ਘਰਦਿਆਂ ਨੂੰ ਖੁਸ਼ ਦੇਖ ਕੇ ਖੁਸ਼ ਵੀ ਸੀ ਤੇ ਆਪਣੇ ਆਪ ਨੂੰ ਲੈ ਕੇ ਉਦਾਸ ਵੀ ।ਆਖਿਰ ਸ਼ਗਨਾਂ ਦਾ ਦਿਨ ਆਇਆ ।ਵਿਆਹ ਪੂਰੇ ਰੀਤੀ ਰਿਵਾਜਾਂ ਨਾਲ ਹੋਇਆ ।ਹਰਦੀਪ ਦਾ ਘਰ ਬਹੁਤ ਵੱਡਾ ਸੀ। ਅਕਸਰ ਨਵੇਂ ਘਰ ਵਿੱਚ ਘੁੱਲਣ-ਮਿਲਣ ਨੂੰ ਸਮਾਂ ਲੱਗ ਜਾਂਦਾ ਹੈ ਪਰ ਸਿਮਰਨ ਨੂੰ ਬਹੁਤ ਜਿਆਦਾ ਸਮਾਂ ਲੱਗਿਆ ਕਿਉਂਕਿ ਸ਼ਹਿਰ ਤੇ ਪਿੰਡਾਂ ਦੇ

ਵਸੇਰੇ ਵਿੱਚ ਬਹੁਤ ਫਰਕ ਹੰਦਾ ਹੈ।ਅਕਸਰ ਉੱਚਾ ਬੋਲਣਾ, ਲੜਾਈ ਝਗੜੇ ਹਰਦੀਪ ਦੇ ਘਰ ਦੀ ਆਮ ਗੱਲ ਸੀ ਜਿਸ ਕਾਰਨ ਸਿਮਰਨ ਬਹੁਤੀ ਖੁਸ਼ ਨਹੀਂ ਸੀ।ਪਰ ਹੌਲੀ ਹੌਲੀ ਆਪਣੇ ਆਪ ਨੂੰ ਘਰ ਵਿੱਚ ਘੁਲਾ ਮਿਲਾ ਲਿਆ। ਸਮੇਂ ਪੈਣ ਤੇ ਰੱਬ ਦੀ ਮਿਹਰ ਨਾਲ ਉਹਨੂੰ ਦੋ ਬੱਚਿਆਂ ਦੀ ਬਖਸ਼ਿਸ਼ ਹੋਈ।ਜਿਹਨਾਂ ਨਾਲ ਉਹ ਬਹੁਤ ਖੁਸ਼ ਸੀ ।ਕੁੱਝ ਕੁ ਸਾਲ ਐਵੇਂ ਹੀ ਚੱਲਦਾ ਰਿਹਾ। ਸਿਮਰਨ ਦੀ ਛੋਟੀ ਜਿਹੀ ਗਲਤੀ ਤੇ ਹਰਦੀਪ ਬਹੁਤ ਗੁੱਸੇ ਹੁੰਦਾ ਤੇ ਗਾਲੀ ਗਲੋਚ ਕਰਦਾ ।ਸਿਮਰਨ ਇਹਨਾਂ ਦਰਦਾਂ ਨੂੰ ਆਪਣੀ ਕਿਸਮਤ ਸਮਝ ਸਭ ਚੁੱਪ ਚਾਪ ਸਹਿੰਦੀ ਰਹੀ।ਫਿਰ ਇੱਕ ਦਿਨ ਸਿਮਰਨ ਦੀ ਮਾਂ ਦਾ ਫੋਨ ਆਇਆ

ਮਾਂ- ਪੁੱਤ ਕਿਵੇਂ ਐ,ਘਰ ਸਭ ਰਾਜੀ ਖੁਸ਼ੀ?

ਸਿਮਰਨ- ਹਾਜੀ ਮੰਮੀ ਸਭ ਵਧੀਆ, ਤੁਸੀਂ ਸੁਣਾਓ।

ਮਾਂ-ਠੀਕ ਐ ਪੁੱਤ,ਪੁੱਤ ਦੀਵਾਲੀ ਆ ਰਹੀ ਐ। ਐਤਕੀਂ ਤੈਨੂੰ ਸਾਡੇ ਕੋਲ ਆਈ ਨੂੰ ਵੀ ਬੜਾ ਟਾਈਮ ਹੋ ਗਿਆ, ਆਕੇ ਮਿਲ ਹੀ ਜਾਂਦੀ

ਸਿਮਰਨ- ਮੇਰਾ ਵੀ ਬੜਾ ਦਿਲ ਕਰਦਾ ਮੰਮੀ,ਚੱਲੋ ਮੈਂ ਕਰਦੀਆਂ ਹਰਦੀਪ ਨਾਲ ਗੱਲ ।

ਮਾਂ- ਚੰਗਾ ਪੁੱਤ।

ਹਰਦੀਪ ਸਿਮਰਨ ਨੂੰ ਕੁੱਝ ਦਿਨਾਂ ਲਈ ਸਿਮਰਨ ਦੇ ਪੇਕੇ ਘਰ ਛੱਡ ਆਇਆ।ਸਿਮਰਨ ਵਿਆਹ ਤੋਂ ਬਾਅਦ ਪਹਿਲੀ ਵਾਰ ਆਪਣੇ ਪੇਕੇ ਘਰ ਦੀਵਾਲੀ ਮਨਾਉਣ ਗਈ ਸੀ।ਉਸਦੇ ਪੇਕੇ ਘਰ ਉਸ ਸਮੇਂ ਦੀਵਾਲੀ ਦੀਆਂ ਤਿਆਰੀਆਂ ਚੱਲ ਰਹੀਆਂ ਸਨ।ਸਿਮਰਨ ਵਿਆਹ ਤੋਂ ਪਹਿਲਾਂ ਵਾਂਗ ਹੀ ਘਰ ਦੀ ਸਫਾਈ ਕਰਵਾਉਣ ਲੱਗੀ। ਉਹ ਉੱਥੇ ਬਹੁਤ ਖੁਸ਼ ਸੀ।ਉਸਨੂੰ ਜਿਵੇਂ ਲੱਗ ਰਿਹਾ ਸੀ ਉਸ ਦੇ ਸਿਰ ਤੇ ਕੋਈ ਜਿੰਮੇਵਾਰੀ ਨਾਂਹ ਹੋਵੇ। ਉਹ ਪਹਿਲਾਂ ਵਾਂਗ ਐਸ਼ ਦੀ ਜਿੰਦਗੀ ਜੀ ਰਹੀ ਸੀ ।ਉਸੇ ਤਰ੍ਹਾਂ ਮਾਂ ਦੇ ਹੱਥ ਦੀਆਂ ਪੱਕੀਆਂ ਰੋਟੀਆਂ ਖਾਣਾ, ਭਰਾ ਨਾਲ ਲੜਨਾ ਅਤੇ

ਸਭ ਦਾ ਪਿਆਰ ਬਟੋਰਨਾ ।ਆਖਿਰ ਦੀਵਾਲੀ ਦਾ ਸ਼ੁਭ ਦਿਨ ਆਇਆ।ਸਿਮਰਨ ਦੀ ਸੱਸ ਦਾ ਫੋਨ ਆਇਆ ।

ਸਿਮਰਨ- ਸਤਿ ਸ੍ਰੀ ਅਕਾਲ,ਬੀਜੀ

ਸਿਮਰਨ ਦੀ ਸੱਸ(ਬਲਜੀਤ ਕੌਰ)- ਸਤਿ ਸ੍ਰੀ ਆਕਾਲ ਪੁੱਤ।

ਸਿਮਰਨ- ਦੀਵਾਲੀ ਦੀਆਂ ਸ਼ੁਭਕਾਮਨਾਵਾਂ ਬੀਜੀ।

ਬਲਜੀਤ ਕੌਰ - ਤੈਨੂੰ ਵੀ ਪੁੱਤ, ਕਿਵੇਂ ਆ ਤੂੰ ਅਤੇ ਮੇਰੇ ਬੱਚੇ?

ਸਿਮਰਨ- ਵਧੀਆ ਬੀਜੀ

ਬਲਜੀਤ ਕੌਰ - ਪੁੱਤ ਅੱਜ ਵਾਪਿਸ ਆ ਜਾਂਦੀ ਤੇਰੇ ਬਿਨਾਂ ਤੇ ਕੁਦਰਤ ਹੁਣਾਂ ਬਿਨਾਂ ਸਾਡੀ ਕਾਹਦੀ ਦੀਵਾਲੀ। ਪੁੱਤ ਵੈਸੇ ਵੀ ਤਾਂ ਕਿੰਨੇ ਦਿਨ ਹੋਗੇ ਤੈਨੂੰ ਆਈ ਨੂੰ । ਇਹਨੇ ਦਿਨਾਂ ਦੀ ਦੀਵਾਲੀ ਹੀ ਤਾ ਮਨਾ ਰਹੀ ਐ ਰੋਜ ਰੋਜ ਅੱਜ ਘਰ ਆਜਾ ਪੁੱਤ ।

ਸਿਮਰਨ- ਜਿਵੇਂ ਤੁਸੀਂ ਕਹੋ ਬੀਜੀ ।

ਬਲਜੀਤ ਕੋਰ - ਚੱਲ ਪੁੱਤ ਮੈਂ ਹਰਦੀਪ ਨੂੰ ਕਹਿਣੀ ਆ ਥੋਨੂੰ ਤਿੰਨਾ ਨੂੰ ਲੈ ਆਵੇ।

ਸਿਮਰਨ- ਠੀਕ ਆ ਬੀਜੀ।

ਇਹਨਾਂ ਕਹਿ ਸਿਮਰਨ ਨੇ ਫੋਨ ਕੱਟ ਦਿੱਤਾ ਅਤੇ ਸਮਾਨ ਦੀ ਪੈਕਿੰਗ ਕਰਨੀ ਸ਼ੁਰੂ ਕਰ ਦਿੰਦੀ ਐ।ਕੁੱਝ ਦੋ-ਤਿੰਨਾ ਘੰਟਿਆਂ ਨੂੰ ਹਰਦੀਪ ਅਪਣੇ ਸਹੁਰੇ ਘਰ ਜਾਂਦਾ ਹੈ।ਉਹ ਸਭ ਨੂੰ ਮਿਲਿਆਂ ਅਤੇ ਸਭ ਨੂੰ ਦੀਵਾਲੀ ਦੀਆਂ ਵਧਾਈਆਂ ਦਿੰਦਾ ਹੈ।ਸਭ ਨੇ ਉਸ ਨੂੰ ਬੜਾ ਹੱਸ ਕੇ ਬੁਲਾਇਆ। ਸਿਮਰਨ ਨੇ ਆਪਣੇ ਪੇਕੇ ਘਰ ਕਦੇ ਵੀ ਨਹੀਂ ਦੱਸਿਆ ਸੀ ਕਿ ਉਸਨੂੰ ਹਰਦੀਪ ਕਿੰਨਾ ਦੁੱਖੀ ਕਰਦਾ ਹੈ। ਸਗੋਂ ਉਹ ਹਮੇਸ਼ਾ ਹਰਦੀਪ ਦੀਆਂ ਸਿਫਤਾਂ ਹੀ ਕਰਦੀ ਸੀ। ਉਸ ਸਮੇਂ ਹਾਲੇ 11 ਕੁ ਵਜੇ ਸੀ ਦਿਨ ਦੇ ਉਹਨਾਂ ਨੇ ਰੋਟੀ-ਪਾਣੀ ਖਾਂਦਾ। 2 ਕੁ ਵਜੇ ਜਾਣ ਦੀ ਤਿਆਰੀ ਹੋ ਗਈ।ਹਰਦੀਪ ਸਿਮਰਨ ਤੇ ਜਵਾਕਾਂ ਨੂੰ ਲੈ ਕੇ ਗੱਡੀ ਵਿੱਚ ਬੈਠ ਗਿਆ ਅਤੇ ਉਹ

ਪਿੰਡ ਵੱਲ ਨੂੰ ਰਵਾਨਾ ਹੋ ਗਏ।ਹਾਲੇ ਉਹਨਾਂ ਨੂੰ ਤੁਰਿਆ ਨੂੰ 10-20 ਮਿੰਟ ਹੀ ਹੋਏ ਸੀ। ਸਿਮਰਨ ਦਾ ਵਾਪਿਸ ਜਾਣ ਦਾ ਮਨ ਨਹੀਂ ਸੀ । ਹਰਦੀਪ ਨੇ ਸਿਮਰਨ ਨੂੰ 2-3 ਵਾਰ ਬੁਲਾਇਆ ਪਰ ਉਹ ਜਿਵੇਂ ਹਾਲੇ ਆਪਣੇ ਪੇਕੇ ਘਰ ਹੀ ਹੋਵੇ । ਉਸਨੇ ਹਰਦੀਪ ਦੀ ਕੋਈ ਗੱਲ ਦਾ ਜਵਾਬ ਨਹੀਂ ਦਿੱਤਾ।ਇਹ ਨਹੀ ਸੀ ਕੀ ਉਸਦਾ ਗੱਲ ਕਰਨ ਨੂੰ ਜੀਅ ਨਹੀਂ ਸੀ ਕਰਦਾ ਬਲਕਿ ਇਹ ਸੀ ਕਿ ਉਸਦਾ ਹਰਦੀਪ ਵੱਲ ਧਿਆਨ ਨਹੀਂ ਸੀ।

ਹਰਦੀਪ- ਮੈਂ ਤੈਨੂੰ 10 ਵਾਰ ਬੁਲਾ ਲਿਆ ਹੋਇਆ ਕੀ ਆ ਤੈਨੂੰ?ਤੇਰਾ ਹਰ ਵਾਰ ਪੇਕੇ ਘਰੋਂ ਆਕੇ ਇਹੀ ਸਿਆਪਾ ਹੁੰਦਾ।ਜੇ ਇਹਨੇ ਹੀ ਚੰਗੇ ਲੱਗਦੇ ਆ ਤੈਨੂੰ ਪੇਕੇ ਉੱਥੇ ਹੀ ਰਹਿ।ਸਾਡੇ ਘਰ ਆਉਣ ਦੀ ਕੋਈ ਲੋੜ ਨਹੀਂ।

ਸਿਮਰਨ-ਨਹੀਂ ਜੀ,ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਸੀ ਬਸ ਮੇਰਾ ਧਿਆਨ ਨਹੀਂ ਸੀ।ਬੋਲੋ ਕੀ ਕੀਹੰਦੇ ਸੀ ।

ਹਰਦੀਪ- ਕਹਿਣਾ ਸੁਆਹ!ਤੇਰੇ ਵਰਗੀ ਸਿਰਫ ਛਿੱਤਰਾਂ ਦੀ ਲਾਇਕ ਐ।ਜਿਨ੍ਹੇ ਪੈਣ ਉਹਨੇ ਥੋੜ੍ਹੇ।

ਸਿਮਰਨ- ਨਹੀਂ ਨਹੀਂ ਮੈਂ ਕਿਹਾ ਨਾ ਮੇਰਾ ਧਿਆਨ ਨਹੀਂ ਸੀ ।ਛਿੱਤਰ ਵਾਲੀ ਕੀ ਗੱਲ ਆ।

ਹਰਦੀਪ- ਜ਼ੁਬਾਨ ਲੜਾੳਣੀ ਐ ਮੇਰੇ ਅੱਗੇ।(ਇਹਨਾਂ ਕਹਿ ਹਰਦੀਪ ਸਿਮਰਨ ਦੇ ਜੋਰ ਨਾਲ ਚਪੇੜ ਮਾਰ ਦਾ ਹੈ।ਦੋਵੇਂ ਬੱਚੇ ਰੋਂਦੇ ਹੋਏ ਮੰਮੀ ਨੂੰ ਨਾ ਮਾਰਨ ਵਾਰੇ ਕਹਿੰਦੇ ਹਨ )ਪੇਕੇ ਜਾ ਤੇਰੇ ਕੁੱਝ ਜਾਧਾ ਹੀ ਖੰਬ ਲੱਗ ਜਾਂਦੇ ਨੇ ਇਹਨਾਂ ਚਾਅ ਨਾ ਤੈਨੂੰ ਪੇਕੇ ਰਹਿਣ ਦਾ ਚੱਲ ਉੱਤਰ ਗੱਡੀ ਚੋ

ਸਿਮਰਨ- ਨਹੀਂ ਜੀ,ਇੱਦਾਂ ਨਾ ਕਰੋ ਮੈਂ ਨਹੀ ਜਾਣਾ, ਮੇਰੇ ਤੋ ਜਵਾਕਾਂ ਬਿਨਾਂ ਰਹਿ ਨਹੀਂ ਹੋਣਾ।ਮੈਂ ਕਿੱਥੇ ਜਾਉ।

ਹਰਦੀਪ ਨੇ ਨਹਿਰ ਦੇ ਕੰਡੇ ਗੱਡੀ ਰੋਕ ਕੇ ਅਤੇ ਗੱਡੀ ਚੋਂ ਉਤਰ ਕੇ ਨਾਲ ਦੀ ਕੰਡਕਟਰ ਸੀਟ ਵੱਲ ਗਿਆ ।ਖਿੜਕੀ ਖੋਲ੍ਹੀ ਅਤੇ

ਸਿਮਰਨ ਨੂੰ ਬਾਂਹ ਤੇ ਫੜ ਕੇ ਬਾਹਰ ਕੱਢ ਤਾ ਸਿਮਰਨ ਬੜੀ ਜੋਰ ਦੀ ਨਿੱਚੇ ਡਿਗ ਪਈ।ਜਿਸ ਕਾਰਨ ਉਸ ਦਾ ਮੋਡਾ ਹਿਲ ਗਿਆ।ਉਸਦੀਆਂ ਅੱਖਾਂ ਚੋਂ ਵੀ ਪਾਣੀ ਆਉਣ ਲੱਗਾ।ਦੋਵਾਂ ਜਵਾਕ ਵੀ ਰੋਂਦੇ ਹੁੰਦੇ ਨੇ ।ਕੁਦਰਤ ਆਪਣੀ ਕਾਰ ਦੀ ਖਿੜਕੀ ਖੋਲ੍ਹਦੀ ਆ ਤੇ ਨਿੱਚੇ ਡਿੱਗੀ ਮਾਂ ਨੂੰ ਚੁੱਕਣ ਦੀ ਕੋਸ਼ਿਸ਼ ਕਰਦੀ ਐ।ਹਰਦੀਪ ਗੱਡੀ ਚੋਂ ਬੈਗ ਕੱਢ ਕੇ ਨਿੱਚੇ ਸੁੱਟ ਦਿੰਦਾ ਹੈ ।ਉਹ ਮੁੰਡਾ ਨੂੰ ਵੀ ਬਾਹੋਂ ਫੜ ਕੇ ਬਾਹਰ ਕੱਢ ਦਿੰਦਾ ਹੈ ਅਤੇ ਆਖਦਾ ਹੈ ਹੁਣ ਰਹਿ ਸਾਰੀ ਉਮਰ ਆਪਣੇ ਪੇਕਿਆਂ ਦੇ ।ਇਹਨਾਂ ਕਹਿ ਉਹ ਵਾਪਿਸ ਡਰਾਈਵਰ ਸੀਟ ਵੱਲ ਨੂੰ ਆਉਦਾਂ ਹੈ ਤੇ ਗੱਡੀ ਸਟਾਰਟ ਕਰ ਵਾਪਿਸ ਕੱਲਾ ਹੀ ਪਿੰਡ ਵੱਲ ਨੂੰ ਰਵਾਨਾ ਹੋ ਜਾਂਦਾ ਹੈ ।ਹਰਦੀਪ ਦੇ ਜਾਣ ਪਿੱਛੋਂ ਸਿਮਰਨ ਅੰਦਰੋ ਟੁੱਟ ਜਾਦੀ ਹੈ। ਜਿਵੇਂ ਕਿ ਉਸ ਦੇ ਅੰਦਰ ਜਿਉਣ ਦੀ ਆਸ ਖਤਮ ਹੋ ਗਈ ਹੋਵੇ ।ਉਸਨੂੰ ਵਾਪਿਸ ਜਾਣ ਨਾਲੋਂ ਨਹਿਰ ਵਿਚ ਛਾਲ ਮਾਰਨਾ ਮਨਜ਼ੂਰ ਸੀ। ਉਹ ਨਹਿਰ ਕੋਲ ਜਾਦੀ ਐ ਤੇ ਡੁੱਬਣ ਲਈ ਤਿਆਰ ਹੋ ਜਾਦੀ ਹੈ। ਕੁਦਰਤ ਉਸ ਨੂੰ ਬਾਂਹ ਤੋ ਫੜ ਕੇ ਰੋਕਦੀ ਐ ਅਤੇ ਜਾ ਤਾ ਇਕੱਠੇ

ਮਾਰਨ ਜਾ ਵਾਪਿਸ ਜਾਣ ਵਾਰੇ ਕਹਿੰਦੀ ਐ।ਅੰਮੀ ਸਾਡੇ ਤੋ ਤੇਰੇ ਬਿਨਾਂ ਰਹਿਆ ਨਹੀ ਜਾਣਾ ਇਹਨਾਂ ਕਹਿ ਕੁਦਰਤ ਸਿਮਰਨ ਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਕਰਦੀ ਐ।ਫਿਰ ਸਿਮਰਨ ਜਵਾਕਾਂ ਵੱਲ ਦੇਖ ਰੁਕ ਜਾਂਦੀ ਐ ਅਤੇ ਨਹਿਰ ਕਿਨਾਰੇ ਬੀਹ ਕੇ ਰੋਣ ਲੱਗ ਜਾਂਦੀ ਹੈ ।ਉਹ ਆਪਣਾ ਫੋਨ ਬੰਦ ਕਰ ਦਿੰਦੀ ਐ ਕਿਉਂਕਿ ਉਹ ਵਾਪਿਸ ਜਾ ਕੇ ਆਪਣੇ ਪੇਕੇ ਘਰ ਵਾਲਿਆਂ ਦੀ ਸਿਰ ਦਰਦੀ ਨਹੀ ਬਣਨਾ ਚਾਹੁੰਦੀ ਸੀ ਅਤੇ ਨਾ ਹੀ ਹਰਦੀਪ ਦੇ ਘਰ ਜਾਣਾ ਚਾਹੁੰਦੀ ਸੀ । ਇਹਨੇ ਕੁ ਸਮੇਂ ਨੂੰ ਉੱਥੇ ਇੱਕ ਰਿਕਸ਼ੇ ਵਾਲਾ ਆ ਜਾਂਦਾ ਹੈ। ਕੁਦਰਤ ਆਪਣੀ ਸਿਆਣਪ ਵਰਤ ਦੀ ਹੈ ਤੇ ਰਿਕਸ਼ੇ ਵਾਲੇ ਨੂੰ ਉਹਨਾਂ ਸਭ ਨੂੰ ਕਿਸੇ ਨੇੜੇ ਦੇ ਗੁਰਦੁਆਰੇ ਛੱਡਣ ਲਈ ਕਹਿੰਦੀ ਤੇ ਨਾਨੀ ਵੱਲੋਂ ਦਿੱਤੇ ਪੈਸੇ ਰਿਕਸ਼ੇ ਵਾਲੇ ਨੂੰ ਦਿੰਦੀ ਹੈ।ਰਿਕਸ਼ੇ ਵਾਲਾ ਉਹਨਾਂ ਤਿੰਨਾਂ ਨੂੰ ਗੁਰੂ ਘਰ ਛੱਡ ਦਿੰਦਾ ਹੈ ।ਉਹ ਤਿੰਨੇ ਜਾਕੇ ਦੀਵਾਨ ਹਾਲ ਵਿੱਚ ਬੈਠ ਜਾਦੇ ਨੇ।ਇਹਨੇ ਕੁ ਸਮੇ ਨੂੰ ਹਰਦੀਪ ਪਿੰਡ ਪਹੁੰਚ ਜਾਂਦਾ ਹੈ ।ਹਰਦੀਪ ਦੇ ਗੱਡੀ ਚੋਂ ਬਾਹਰ ਨਿਕਲ ਦੇ ਵਕਤ ਉਸਦੀ ਮਾਂ ਪੁੱਛਦੀ ਆ

ਬਲਜੀਤ ਕੌਰ- ਕੀ ਹੋਇਆ ਪੁੱਤ, ਸਿਮਰਨ ਆਈ ਨਹੀ,ਮੈਨੂੰ ਤਾ ਕਹਿੰਦੀ ਸੀ ਮੈਂ ਆਉ ਹੁਣ ਆਈ ਨੀ ਪਤਾ ਨਹੀਂ ਇਹ ਕੁੜੀ ਕੀ ਕਰਦੀ ਰਹਿੰਦੀ ਐ।

ਉਹ ਬਿਨਾਂ ਜਵਾਬ ਦਿੱਤੇ ਆਕੜਿਆ ਆਕੜਾਇਆ ਆਪਣੇ ਕਮਰੇ ਵਿੱਚ ਚਲਾ ਜਾਂਦਾ ਹੈ ।ਬਲਜੀਤ ਉਸਦੇ ਪਿੱਛੇ ਪਿੱਛੇ ਉਸ ਦੇ ਕਮਰੇ ਵਿੱਚ ਚਲੀ ਜਾਂਦੀ ਹੈ।

ਬਲਜੀਤ-ਕਿ ਹੋਇਆ ਤੂੰ ਬੋਲਦਾ ਕਿਉਂ ਨਹੀਂ?

ਹਰਦੀਪ- ਹੁਣ ਨਹੀਂ ਆਉਣਾ ਉਹਨੇ ਕਦੇ ।

ਬਲਜੀਤ- ਕੀ ਬੋਲੀ ਜਾਣਾ ਪੁੱਤ?

ਹਰਦੀਪ- ਅੱਜ ਉਹ ਸਾਲੀ ਬਾਹਲੀ ਆਕੜ ਦੀ ਸੀ । ਮੈਂ ਉਹਨੂੰ ਤੇ ਉਹਦੀ ਆਕੜ ਨੂੰ ਨਹਿਰ ਕੰਢੇ ਛੱਡ ਆਇਆ।

ਬਲਜੀਤ- ਹਾਏ ਹਾਏ ਪੁੱਤ ਆ ਕੀ ਕਰਤਾ ਤੂੰ!

ਹਰਦੀਪ- ਬੇਬੇ ਬਾਹਲਾ ਨਾ ਬੋਲ ਮੇਰਾ ਸਿਰ ਦੁੱਖਣ ਨਾ ਲਾ ਚੰਗਾ!

ਬਲਜੀਤ ਇਹਨਾਂ ਸੁਣ ਕੇ ਕਮਰੇ ਚੋਂ ਬਾਹਰ ਆ ਜਾਦੀ ਹੈ ।ਉਹ ਵਿਚਾਰੇ ਜਵਾਕਾਂ ਵਾਰੇ ਸੋਚ ਸੋਚ ਕਮਲੀ ਹੋ ਰਹੀ ਹੁੰਦੀ ਐ।ਉਹ ਫਟਾਫਟ ਆਪਣੇ ਛੋਟੇ ਮੁੰਡੇ (ਕੁਲਦੀਪ ਸਿੰਘ) ਨੂੰ ਇਹ ਸਾਰੀ ਘਟਨਾ ਵਾਰੇ ਦੱਸਦੀ ਆ ਅਤੇ ਫਿਰ ਉਹਨਾਂ ਤਿੰਨਾਂ ਨੂੰ ਲੱਭਣ ਵਾਰੇ ਕਹਿੰਦੀ ਹੈ ।ਬਲਜੀਤ ਸਿਮਰਨ ਦੇ ਪੇਕੇ ਘਰ ਫੋਨ ਕਰਦੀ ਆ ਉਹ ਸਾਰੀ ਵਾਪਰੀ ਘਟਨਾ ਦੱਸ ਕੇ ਮਾਫੀ ਮੰਗਦੀ ਅਤੇ ਲੱਭਣ ਵਾਰੇ ਆਖਦੀ ਆ।ਕੁਲਦੀਪ ਬੱਸ ਅੱਡੇ ਆ ਜਾਂਦਾ ਹੈ ਤੇ ਪਿੰਡ ਵੱਲ ਆਉਦੀ ਹਰ ਬਸ ਦੀ ਬਿੜਕ ਰੱਖ ਦਾ ਹੈ।ਉਸਨੂੰ ਲੱਗਦਾ ਸੀ ਕਿ ਸਿਮਰਨ ਸ਼ਾਇਦ ਨਹਿਰ ਕੋਲੋਂ ਕੋਈ ਬੱਸ ਲੈ ਕੇ ਵਾਪਿਸ ਆ ਜਾਵੇਗੀ।ਸਿਮਰਨ ਦੀ ਮਾਂ ਤੇ ਭਰਾ ਵੀ ਸ਼ਹਿਰ ਵਿੱਚ ਲੱਭਣ ਲੱਗ ਜਾਂਦੇ ਨੇ ।ਉਹ ਬਾਰ ਬਾਰ ਸਿਮਰਨ ਨੂੰ ਫੋਨ ਲਾਉਂਦੇ

ਨੇ  ਪਰ ਫੋਨ ਬੰਦ ਆਉਂਦਾ ਹੈ ।ਸ਼ਹਿਰ ਤੋ ਪਿੰਡ ਵੱਲ ਜਾਦੇ ਇੱਕ ਹੀ ਨਹਿਰ ਆਉਦੀ ਸੀ। ਉਹ ਉਸੇ ਨਹਿਰ ਕੋਲ  ਜਾਦੇ ਨੇ ਤੇ ਆਸ ਪਾਸ ਦੀਆਂ ਥਾਵਾਂ ਤੇ ਲੱਭਣ ਲੱਗਦੇ ਨੇ । ਸਾਮ ਦੇ ਛੇ ਵੱਜ ਜਾਦੇ ਨੇ ਪਰ ਉਨ੍ਹਾਂ ਦਾ ਕੋਈ ਪਤਾ ਨਹੀਂ ਸੀ ਮਿਲ ਰਿਹਾ ।ਇੱਕ ਦਮ ਫੋਨ ਸਵਿੱਚ ਔਨ ਹੁੰਦਾ ਹੈ ਤੇ ਕੁਦਰਤ ਦਾ ਫੋਨ ਉਸਦੇ ਮਾਮੇ ਨੂੰ ਆਉਦਾ ਹੈ ਕੀ ਉਹ ਗੁਰੂ ਘਰ ਹਨ ਤੇ ਤੁਸੀਂ ਸਾਨੂੰ ਲੈਣ ਆ ਜਾਵੋ।ਜਿਸ ਨਾਲ ਉਹਨਾਂ ਤਿੰਨਾਂ ਦੀ ਭਾਲ ਹੋ ਜਾਂਦੀ ਹੈ ।

ਬਹੁਤ ਦਰਦ ਨੇ ਇਸ ਜਿੰਦਗੀ ਵਿੱਚ

ਦੱਸ ਦੱਸਾਂ ਜਾ ਨਾ

ਇੱਕ ਚੰਗਾ ਮਜਾਕ ਏ ਇਹ ਜਿੰਦਗੀ

ਦੱਸ ਉਸਤੇ ਹਾਸਾ ਜਾ ਨਾ

ਸਾਹ ਘੁੱਟ ਹੁੰਦਾ ਹੈ ਜਿਸ ਜਿੰਦਗੀ ਵਿੱਚ

ਦੱਸ ਉਸ ਵਿੱਚ ਵਸਾ ਜਾ ਨਾ

ਇੱਕ ਅਜੀਬ ਜਿਹਾ ਜੰਜਾਲ ਹੈ ਮੇਰੀ ਜਿੰਦਗੀ

ਦੱਸ ਉਸ ਵਿੱਚ ਫਸਾ ਜਾ ਨਾ

ਲਾਗਾਮ ਖੁੱਲ੍ਹੀ ਹੈ ਮੇਰੇ ਅੱਥਰੂਆ ਦੀ

ਦੱਸ ਇਹਨਾਂ ਨੂੰ ਕਸਾ ਜਾ ਨਾ

ਬਹੁਤ ਦਰਦਾਂ ਨੇ ਇਸ ਜਿੰਦਗੀ ਵਿੱਚ

ਦੱਸ ਦੱਸਾਂ ਜਾ ਨਾ ...........

ਅਵਤਾਰ ਦੀਆਂ ਅਨੇਕਾਂ ਮਿਨਤਾਂ ਤੇ ਕੋਸ਼ਿਸ਼ਾਂ ਤੋ ਬਾਅਦ ਸਿਮਰਨ ਘਰ ਵਾਪਿਸ ਆਉਣ ਲਈ ਰਾਜੀ ਹੋ ਜਾਂਦੀ ਹੈ।ਅਵਤਾਰ ਸਿਮਰਨ ਤੇ ਜਵਾਕਾਂ ਨੂੰ ਵਾਪਿਸ ਘਰ ਲੈ ਆਉਦਾ ਹੈ

।ਸਿਮਰਨ ਆਪਣੇ ਵਿਆਹ ਤੋਂ ਬਾਅਦ ਦੇ ਸਾਰੀਆ ਝੱਲਿਆ ਤਕਲੀਫਾਂ ਬਾਰੇ ਆਪਣੇ ਪੇਕੇ ਘਰ ਨੂੰ ਦੱਸਦੀ ਐ।ਇਹ ਸਭ ਸੁਣ ਕੇ ਉਸਦਾ ਪੇਕਾ ਪਰਿਵਾਰ ਬਹੁਤ ਹੈਰਾਨ ਤੇ ਦੁੱਖੀ ਹੁੰਦੇ ਨੇ ਅਤੇ ਕਦੇ ਉਸ ਘਰ ਨਾ ਵਾਪਿਸ ਜਾਣ ਦੀ ਸਲਾਹ ਕਰਦੇ ਨੇ।ਸਿਮਰਨ ਅੰਦਰੋ ਅੰਦਰੀ ਜਵਾਕਾਂ ਵਾਰੇ ਸੋਚ ਸੋਚ ਪਰੇਸ਼ਾਨ ਸੀ।

ਕੁੱਝ ਦੋ-ਚਾਰ ਦਿਨਾਂ ਬਾਅਦ ਸਿਮਰਨ ਦੇ ਸਹੁਰੇ ਪਿੰਡੋਂ ਉਸਦੀ ਸੱਸ ਸਹੁਰਾ ਅਤੇ ਸਰਪੰਚ ਰਾਜੀਮੰਦਾ ਕਰਨ ਲਈ ਸਿਮਰਨ ਦੇ ਪੱਕੇ ਘਰ ਆਉਦੇ ਨੇ ਪਰ ਉਹਨਾਂ ਨਾਲ ਹਰਦੀਪ ਨਹੀਂ ਆਉਦਾ ਕਿਉਂਕਿ ਉਸ ਨੂੰ ਲੱਗਦਾ ਸੀ ਕਿ ਜੋ ਵੀ ਉਸਨੇ ਕੀਤਾ ਉਹ ਸਹੀ ਹੈ ਉਸਨੂੰ ਇਸ ਘਟਨਾ ਦਾ ਕੋਈ ਪਛਤਾਵਾ ਨਹੀਂ ਸੀ ।ਬੱਚੇ ਆਪਣੇ ਦਾਦਾ-ਦਾਦੀ ਨੂੰ ਦੇਖ ਕੇ ਬਹੁਤ ਖੁਸ਼ ਹੋਏ ਅਤੇ ਬੱਚੇ ਉਹਨਾ ਨੂੰ ਬਹੁਤ ਘੁੱਟ ਕੇ ਮਿਲਦੇ ਨੇ ।ਉਹਨਾਂ ਦਾ ਆਪਣੇ ਦਾਦੀ ਦਾਦਾ ਨਾਲ ਬਹੁਤ ਪਿਆਰ ਸੀ ਅਤੇ ਬੱਚੇ ਉਹਨਾਂ ਬਿਨਾਂ ਜੀਅ ਨਹੀਂ ਸੀ ਲਾਉਦੇ।ਸਿਮਰਨ ਤੇ ਉਸਦੇ ਸੱਸ ਤੇ ਸਹੁਰੇ ਮਾਫੀ ਮੰਗ

ਦੇ ਨੇ। ਪਰ ਸਿਮਰਨ ਉੱਥੇ ਵਾਪਿਸ ਜਾਣ ਤੇ ਮਨਾਂ ਕਰ ਦਿੰਦੀ ਐ ਅਤੇ ਆਖਦੀ ਹੈ ਕਿ ਜਦੋਂ ਹਰਦੀਪ ਆਪਣੀ ਇਸ ਗਲਤੀ ਦੀ ਮਾਫੀ ਮੰਗੇ ਗਾ ਮੈਂ ਉਦੋਂ ਹੀ ਵਾਪਿਸ ਆਵਾ ਗੀ ਨਹੀਂ ਤਾ ਨਹੀਂ। ਪਰ ਹਰਦੀਪ ਇੱਕ ਫੋਕੀ ਆਕੜ ਰੱਖਣ ਵਾਲਾ ਬੰਦਾ ਸੀ। ਜਿਸਨੂੰ ਕਿਸੇ ਅੱਗੇ ਝੁਕਣਾ ਨਹੀਂ ਸੀ ਪਸੰਦ।ਉਹ ਸਿਮਰਨ ਤੋਂ ਮਾਫੀ ਮੰਗਣ ਲਈ ਰਾਜੀ ਨਹੀ ਸੀ।ਸਿਮਰਨ ਦੇ ਪੇਕਿਆਂ ਨੇ ਉਸਦੀਆਂ ਇਹ ਹਰਕਤਾਂ ਦੇਖ ਕੇ ਸਿਮਰਨ ਤੇ ਹਰਦੀਪ ਦਾ ਫੈਸਲਾ ਲਿਆ ਅਤੇ ਤਲਾਕ ਦੇ ਕਾਗਜ਼ ਬਨਾਉਣੇ ਸ਼ੁਰੂ ਕਰ ਦਿੱਤੇ।

ਸਿਮਰਨ ਇਸ ਫੈਸਲੇ ਤੇ ਖੁਸ਼ ਨਹੀਂ ਸੀ ਉਹ ਆਪਣੇ ਬੱਚਿਆਂ ਵਾਰੇ ਸੋਚਦੀ ਹੈ ਕਿ ਬੱਚੇ ਆਪਣੇ ਦਾਦੀ ਦਾਦਾ ਬਿਨਾਂ ਕਿਸ ਤਰ੍ਹਾਂ ਰਹਿਣਗੇ ਅਤੇ ਉਹਨਾਂ ਦੀ ਪੜ੍ਹਾਈ ਵੀ ਇੱਕ ਸਾਲ ਪਿੱਛੇ ਰਹਿ ਜਾਵੇਗੀ। ਉਹ ਹਰਦੀਪ ਦੀ ਬੇਵਕੂਫੀ ਦੀ ਸਜਾ ਬੱਚਿਆਂ ਨੂੰ ਨਹੀਂ ਦੇਵੇਗੀ। ਉਹ ਬੱਚਿਆਂ ਦਾ ਭੱਵਿਖ ਨਹੀਂ ਖਰਾਬ

ਕਰੇਗੀ।ਆਪ ਚਾਹੇ ਉਥੇ ਕਿਸੇ ਵੀ ਤਰ੍ਹਾਂ ਰਵੇ।ਸਿਮਰਨ ਬਿਨਾਂ ਕੁੱਝ ਹੋਰ ਸੋਚੇ ਵਾਪਿਸ ਪਿੰਡ ਜਾਣ ਦੀ ਸਲਾਹ ਕਰਦੀ ਹੈ।ਉਸਨੇ ਇਹ ਫੈਸਲਾ ਆਪਣੀ ਮਨਮਰਜ਼ੀ ਨਾਲ ਲਿਆ ਸੀ। ਕੋਈ ਉਸਦੇ ਪੱਖ ਵਿੱਚ ਸੀ ਤੇ ਕੋਈ ਖਿਲਾਫ ।ਸਿਮਰਨ ਆਪਣੇ ਸੱਸ ਸਹੁਰੇ ਨਾਲ ਵਾਪਿਸ ਚੱਲੀ ਜਾਂਦੀ ਹੈ ।ਕੁਦਰਤ ਆਪਣੇ ਮਾਂ ਦੇ ਦਿਲ ਦੇ ਹਾਲ ਤੋ ਚੰਗੀ ਤਰ੍ਹਾਂ ਵਾਕਿਫ਼ ਸੀ।ਉਹ ਜਾਣਦੀ ਸੀ ਕਿ ਉਸਦੀ ਮਾਂ ਨੇ ਇਹ ਸਭ ਉਹਨਾਂ ਦੋਹਾਂ ਦੀ ਖੁਸ਼ੀ ਲਈ ਕੀਤਾ ਹੈ ।ਉਸਦੇ ਦਿਲ ਅੰਦਰ ਆਪਣੇ ਪਿਓ ਲਈ ਨਫਰਤ ਤੇ ਮਾਂ ਲਈ ਇੱਕ ਦਿਆ ਪੈਂਦਾ ਹੋ ਗਈ । ਉਸ ਲਈ ਉਸਦੀ ਮਾਂ ਇੱਕ ਪਰੇਨਾ ਬਣ ਗਈ ।ਇਸ ਘਟਨਾ  ਨੂੰ ਕੁਦਰਤ ਨੇ ਹਮੇਸ਼ਾ

ਆਪਣੇ ਦਿਲ ਵਿੱਚ ਰੱਖੀਆਂ ।ਉਹ ਹਮੇਸ਼ਾ ਆਪਣੀ ਮਾਂ ਵਰਗੀਆ ਬਹੁਤ  ਮਾਵਾਂ ਨੂੰ ਇਸ ਜੰਜਾਲ ਚੋਂ ਕੱਢਣਾ ਚਾਹੁੰਦੀ ਸੀ।ਉਸਨੇ ਵਕੀਲ ਬਣਕੇ ਇਹਨਾਂ ਬੁਰਾਈਆਂ ਖਿਲਾਫ ਲੜਨ ਦਾ ਫੈਸਲਾ ਲਿਆ।

10-15 ਸਾਲਾ ਬਾਅਦ ਉਹ ਵਕੀਲ ਬਣੀ। ਉਸਨੇ ਇਹੋ ਜਿਹੀਆ ਬਹੁਤ ਮਾਵਾਂ ਦੀ ਸੇਵਾ ਕੀਤੀ ਅਤੇ ਹਰਦੀਪ ਵਰਗੇ ਔਰਤਾਂ ਤੇ ਜੁਲਮ ਕਰਦੇ ਹੋਏ ਰਾਕਸ਼ਾ ਨੂੰ ਜੇਲ੍ਹਾਂ ਦੇ ਰਾਹ ਪਾਇਆਂ।

ਇਹ ਘਟਨਾ ਕਿਸੇ ਇੱਕ ਔਰਤ ਨਾਲ ਨਹੀਂ ਵਾਪਰੀ ।ਬਹੁਤ ਔਰਤਾਂ  ਨੇ ਜੋ ਰੋਜ ਜਿਉਦੇ ਜੀਅ ਮਰ ਰਹੀਆਂ ਨੇ ।ਇਹੋ ਜਿਹੇ ਹਾਲਾਤ ਵਿੱਚ ਰਹਿਣ ਵਾਲੇ ਬੱਚਿਆਂ ਦੀ ਸੋਚ ਤੇ ਡੂੰਘਾ ਪ੍ਰਭਾਵ ਪੈਂਦਾ ਹੈ ਉਹਨਾਂ ਬੱਚਿਆਂ ਦੀ ਸੋਚ ਜਿਆਦਾ ਤਰ ਨੈਗੇਟਿਵ ਹੀ ਹੁੰਦੀ ਹੈ। ਉਹ ਹਰ ਚੀਜ ਨੂੰ ਡੂੰਘਾ ਅਤੇ ਗਲਤ ਸੋਚਦੇ ਨੇ।ਲੋੜ ਹੈ ਤੇ ਹਰਦੀਪ ਵਰਗੇ ਬੰਦਿਆਂ ਨੂੰ ਸਿੱਧੇ ਰਾਹ ਪਾਉਣ ਦੀ ਨਾ ਕੀ ਉਹਨਾਂ ਦਰਦਾਂ ਨੂੰ ਘੁੱਟ ਘੁੱਟ ਕੇ ਸਹਿਣ ਦੀ।

ਕੋਮਲਪ੍ਰੀਤ ਕੌਰ
8360062186

G-mail- kkomalpreet443@gmail.com

(ਇਸ ਕਹਾਣੀ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਤੁਸੀਂ ਸਾਨੂੰ ਵੱਟਸਐਪ ਤੇ ਮੈਸਜ ਕਰ ਸਕਦੇ ਹੋ )

To read more stories like this visit www.PunjabiLibrary.com

